ਸ

ਮ

ਰ

ਪ

ਣ

***

ਮਾਤਾ ਪਿਤਾ ਅਤੇ ਪਰਿਵਾਰ ਨੂੰ

# ਭੂਮਿਕਾ

ਨਰਿੰਜਨ ਤਸਨੀਮ ਦੇ ਨਾਵਲਾਂ ਵਿਚ ਪਰੰਪਰਾ ਅਤੇ ਆਧੁਨਿਕਤਾ ਦਾ ਤਨਾਓ ਵਿਸ਼ੇ ਤੇ ਆਧਾਰਿਤ ਇਹ ਖੋਜ ਪ੍ਰਬੰਧ ਨਰਿੰਜਨ ਤਸਨੀਮ ਦੇ ਸਮੁੱਚੇ ਨਾਵਲ ਜਗਤ ਵਿਚ ਵਿਚਰਦੇ ਪਾਤਰਾਂ ਦੀ ਚੇਤਨਾ ਵਿਚ ਇਕੋ ਵੇਲੇ ਪਈਆਂ ਪਰੰਪਰਕ ਅਤੇ ਆਧੁਨਿਕ ਕੀਮਤਾਂ ਦਾ ਉਹਨਾਂ ਦੇ ਸਮੁੱਚੇ ਵਿਹਾਰ ਅਤੇ ਕਿਰਿਆਵਾਂ ਤੇ ਪੈਣ ਵਾਲੇ ਪ੍ਰਭਾਵਾਂ ਦੇ ਅਧਿਐਨ ਦਾ ਯਤਨ ਹੈ। ਇਹਨਾਂ ਪ੍ਰਭਾਵਾਂ ਦੇ ਸਦਕਾ ਹੀ ਇਹਨਾਂ ਪਾਤਰਾਂ ਦੇ ਸੁਭਾਅ ਅਤੇ ਕਰਮ ਨਿਰਦੇਸ਼ਿਤ ਹੁੰਦੇ ਹਨ। ਅਸਲ ਵਿਚ ਸਾਹਿਤਕ ਸਿਰਜਣਾਵਾਂ ਸਮਕਾਲੀ ਸਮਾਜ ਦੇ ਯਥਾਰਥ ਨਾਲ ਪਾਠਕਾਂ ਨੂੰ ਜਾਣੂ ਕਰਵਾਉਣ ਦਾ ਉਪਰਾਲਾ ਕਰਦੀਆਂ ਹਨ। ਹਰੇਕ ਸਮਾਜ ਦੇ ਆਪਣੇ ਜੀਵਨ ਢੰਗ, ਆਪਣੀਆਂ ਕਦਰਾਂ–ਕੀਮਤਾਂ ਹੁੰਦੀਆਂ ਹਨ, ਇਹਨਾਂ ਕਦਰਾਂ–ਕੀਮਤਾਂ ਦੇ ਅਨੁਰੂਪ ਹੀ ਉਸ ਸਮਾਜ ਵਿਸ਼ੇਸ਼ ਨਾਲ ਸੰਬੰਧਿਤ ਵਿਅਕਤੀਆਂ ਦੀ ਮਾਨਸਿਕਤਾ ਅਤੇ ਉਹਨਾਂ ਦੀਆਂ ਸ਼ਖ਼ਸੀਅਤਾਂ ਢਲਦੀਆਂ ਹਨ। ਸਮਾਜਿਕ ਕੀਮਤਾਂ ਸਮੇਂ ਦੇ ਨਾਲ–ਨਾਲ ਵਿਕਾਸ ਕਰਦੀਆਂ ਹਨ ਅਤੇ ਇਹਨਾਂ ਵਿਚ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹਨਾਂ ਪਰਿਵਰਤਨਾਂ ਦੇ ਅਨੁਰੂਪ ਹੀ ਕਿਸੇ ਸਮਾਜ ਨਾਲ ਸੰਬੰਧਿਤ ਨਾਗਰਿਕ ਆਪਣੀ ਜੀਵਨ ਸ਼ੈਲੀ ਨੂੰ ਸੇਧ ਦਿੰਦੇ ਹਨ। ਪਰੰਤੂ ਮਨੁੱਖੀ ਮਾਨਸਿਕਤਾ ਆਧੁਨਿਕ ਕੀਮਤਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਦੀ ਹੋਈ ਵੀ ਆਪਣੀ ਪਰੰਪਰਾ ਅਤੇ ਉਸ ਨਾਲ ਸੰਬੰਧਿਤ ਕਦਰਾਂ–ਕੀਮਤਾਂ ਦੇ ਪ੍ਰਭਾਵ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੁੰਦੀ। ਅਜੋਕੇ ਸ਼ਹਿਰੀ ਸਮਾਜ ਦੇ ਆਧੁਨਿਕ ਜੀਵਨ ਢੰਗਾਂ ਅਤੇ ਬਦਲ ਰਹੀਆਂ ਕੀਮਤਾਂ ਦਾ ਅਨੁਸਾਰੀ ਮਨੁੱਖ ਵੀ ਆਪਣੀਆਂ ਮੁੱਢਲੀਆਂ ਕੀਮਤਾਂ ਦਾ ਪ੍ਰਭਾਵ ਪੂਰੀ ਤਰ੍ਹਾਂ ਨਹੀਂ ਤਿਆਗਦਾ। ਸ਼ਹਿਰੀ ਸਮਾਜ ਨਾਲ ਸੰਬੰਧਿਤ ਸਾਹਿਤ ਵਿਚ ਆਧੁਨਿਕ ਸ਼ਹਿਰੀ ਜੀਵਨ ਸ਼ੈਲੀ ਦੇ ਅਨੁਸਾਰੀ ਹੋਏ ਮਨੁੱਖ ਦੀ ਦਾਸਤਾਂ ਬਿਆਨ ਹੋਈ ਮਿਲਦੀ ਹੈ। ਸ਼ਹਿਰੀ ਸਭਿਆਚਾਰ ਤੇ ਆਧਾਰਿਤ ਸਾਹਿਤ ਵਿਚ ਪੇਸ਼ ਹੋਏ ਪਾਤਰਾਂ ਵਿਚੋਂ ਕਈ ਪਾਤਰ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਤੇ ਸ਼ਹਿਰੀ

ਸਭਿਆਚਾਰਕ ਕੀਮਤਾਂ ਦਾ ਪ੍ਰਭਾਵ ਅੰਸ਼ਿਕ ਰੂਪ ਵਿਚ ਹੀ ਹੋਇਆ ਮਿਲਦਾ ਹੈ ਅਤੇ ਜੋ ਆਪਣੀਆਂ ਪਰੰਪਰਕ ਕੀਮਤਾਂ ਨਾਲ ਸੁਚੇਤ ਜਾਂ ਅਚੇਤ ਪੱਧਰ ਉੱਤੇ ਜੁੜੇ ਰਹਿੰਦੇ ਹਨ। ਨਾਵਲਕਾਰ ਨਰਿੰਜਨ ਤਸਨੀਮ ਦੇ ਨਾਵਲਾਂ ਦੇ ਵਧੀਕ ਪਾਤਰਾਂ ਦਾ ਜ਼ਿਹਨ ਪਰੰਪਰਾਮੁਖੀ ਤੇ ਆਧੁਨਿਕ ਦੋਨੋਂ ਕਿਸਮ ਦੀਆਂ ਮਾਨਤਾਵਾਂ ਦਾ ਪ੍ਰਭਾਵ ਨਾਲੋ-ਨਾਲ ਕਬੂਲਦਾ ਹੈ।

ਨਾਵਲਕਾਰ ਨਰਿੰਜਨ ਤਸਨੀਮ ਪੱਛਮੀ ਸਾਹਿਤ ਦਾ ਗਿਆਤਾ ਹੋਣ ਕਾਰਨ ਨਾਵਲ ਰੂਪੀ ਸਾਹਿਤਕ ਵਿਧਾ ਦੇ ਸੁਭਾਅ ਅਤੇ ਸ਼ਰਤਾਂ ਤੋਂ ਜਾਣੂ ਹੈ। ਇਸਦੀਆਂ ਨਾਵਲੀ ਕਿਰਤਾਂ ਇਸ ਦੀ ਬੌਧਿਕ ਸਮਰੱਥਾ ਦੀਆਂ ਸਾਖੀ ਹਨ। ਇਹ ਨਿਰਪੱਖ ਸਾਹਿਤਕਾਰ ਸ਼ਹਿਰੀ ਸਭਿਆਚਾਰ ਨਾਲ ਸੰਬੰਧਿਤ ਵਿਸ਼ਿਆਂ ਦੀ ਪੇਸ਼ਕਾਰੀ ਆਪਣੀਆਂ ਨਾਵਲੀ ਕ੍ਰਿਤਾਂ ਰਾਹੀਂ ਕਰਦਾ ਹੈ। ਇਸ ਪੇਸ਼ਕਾਰੀ ਦੌਰਾਨ ਇਹ ਆਪਣਾ ਲਹਿਜਾ ਸੁਭਾਵਿਕ ਅਤੇ ਸੰਤੁਲਿਤ ਰੱਖਦਾ ਹੈ। ਇਸੇ ਕਾਰਨ ਇਹ ਨਾ ਤਾਂ ਕਿਸੇ ਵਿਸ਼ੇਸ਼ ਸ਼੍ਰੇਣੀ ਜਾਂ ਖਾਸ ਵਿਅਕਤੀਗਤ ਵਿਸ਼ੇਸ਼ਤਾਵਾਂ ਦੇ ਧਾਰਨੀ ਪਾਤਰਾਂ ਦਾ ਸਮਰਥਨ ਕਰਦਾ ਪ੍ਰਤੀਤ ਹੁੰਦਾ ਹੈ ਅਤੇ ਨਾ ਹੀ ਪਾਤਰਾਂ ਦੀਆਂ ਕੁਝ ਵਿਹਾਰਕ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਸੰਕੁਚਿਤ ਸੋਚ ਰੱਖਦਾ ਹੋਇਆ ਉਹਨਾਂ ਪ੍ਰਤੀ ਨਿੰਦਣਯੋਗ ਦ੍ਰਿਸ਼ਟੀਕੋਣ ਰੱਖਦਾ ਹੈ। ਇਹ ਕੇਵਲ ਆਪਣੇ ਆਧੁਨਿਕ ਸ਼ਹਿਰੀ ਸਮਾਜ ਨਾਲ ਸੰਬੰਧਿਤ ਪਾਤਰਾਂ ਦੀ ਮਾਨਸਿਕਤਾ ਨੂੰ ਪਾਠਕਾਂ ਦੇ ਰੂਬਰੂ ਕਰ ਬਾਕੀ ਫੈਸਲਾ ਉਨ੍ਹਾਂ (ਪਾਠਕਾਂ) ਦੀ ਸੋਚ ਤੇ ਛੱਡ ਦਿੰਦਾ ਹੈ। ਆਧੁਨਿਕ ਸ਼ਹਿਰੀ ਸਭਿਆਚਾਰ ਨਾਲ ਸੰਬੰਧਿਤ ਮਾਨਵ ਦੀ ਸੋਚ ਉਸਦੀਆਂ ਕਿਰਿਆਵਾਂ ਅਤੇ ਸਮੱਸਿਆਵਾਂ ਨੂੰ ਵਿਸ਼ੇ ਰੂਪ ਵਿਚ ਪ੍ਰਗਟ ਕਰਨ ਵਾਲੇ ਇਸ ਨਾਵਲਕਾਰ ਦੀਆਂ ਰਚਨਾਵਾਂ ਨੇ ਮੈਨੂੰ ਪ੍ਰਭਾਵਿਤ ਕੀਤਾ। ਸ਼ਹਿਰੀ ਸਮਾਜ ਵਿਚ ਵਿਚਰਦਿਆਂ ਮੈਂ ਆਪਣੇ ਆਸ ਪਾਸ ਵਸਣ ਵਾਲੇ ਅਤੇ ਆਪਣੇ ਸੰਪਰਕ ਵਿਚ ਆਉਣ ਵਾਲੇ ਸ਼ਹਿਰੀ ਬੁੱਧੀਜੀਵੀਆਂ ਨੂੰ ਅਜਿਹੀ ਦੁਫਾੜ ਮਾਨਸਿਕਤਾ ਦੇ ਸ਼ਿਕਾਰ ਮਹਿਸੂਸ ਕੀਤਾ ਹੈ। ਤਸਨੀਮ ਦੇ ਨਾਵਲਾਂ ਵਿਚਲੇ ਪਾਤਰ ਵੀ ਇਸੇ ਪ੍ਰਕਾਰ ਦੋ ਢੰਗੀ ਸੋਚ ਧਾਰਾ ਦੇ ਅਨੁਸਾਰੀ ਹੋਏ ਦਿਸਦੇ ਹਨ। ਸ਼ਹਿਰੀ ਜੀਵਨ ਸਥਿਤੀਆਂ ਦੀ ਇਸ ਨਾਵਲਕਾਰ ਦੁਆਰਾ ਕੀਤੀ ਸੁਭਾਵਿਕ ਪੇਸ਼ਕਾਰੀ ਨੇ ਮੇਰੀ ਜ਼ਿਹਨੀਅਤ ਨੂੰ ਟੁੰਬਿਆ ਅਤੇ ਮੈਂ ਤਸਨੀਮ ਦੇ ਨਾਵਲਾਂ ਵਿਚ ਪ੍ਰਸਤੁਤ ਸ਼ਹਿਰੀ ਸਭਿਆਚਾਰਕ

ਪਾਤਰਾਂ ਦੀ ਪਰੰਪਰਾ ਅਤੇ ਆਧੁਨਿਕਤਾ ਦੀਆਂ ਦੋ ਰਾਹਾਂ ਤੇ ਚਲਦੀ ਸੋਚ ਦੇ ਉਹਨਾਂ ਦੀਆਂ ਸ਼ਖ਼ਸੀਅਤਾਂ ਅਤੇ ਜੀਵਨ ਸ਼ੈਲੀ ਤੇ ਪੈਂਦੇ ਪ੍ਰਭਾਵਾਂ ਨੂੰ ਆਪਣੇ ਖੋਜ ਕਾਰਜ ਦਾ ਆਧਾਰ ਬਣਾਇਆ।

ਇਹਖੋਜ ਕਾਰਜ ਨਾਵਲਕਾਰ ਨਰਿੰਜਨ ਤਸਨੀਮ ਦੇ ਨਾਵਲਾਂ ਵਿਚ ਪ੍ਰਸਤੁਤ ਪਰੰਪਰਾ ਅਤੇ ਆਧੁਨਿਕਤਾ ਦੇ ਤਨਾਓ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਇਸ ਖੋਜ ਕਾਰਜ ਨੂੰ ਨਿਸ਼ਚਿਤ ਵਿਉਂਤ ਅਨੁਸਾਰ ਪੇਸ਼ ਕਰਨ ਹਿੱਤ ਇਸਨੂੰ ਆਦਿਕਾ ਤੇ ਨਿਸ਼ਕਰਸ਼ ਤੋਂ ਬਿਨਾਂ ਚਾਰ ਅਧਿਆਇਆਂ ਵਿਚ ਵਿਭਾਜਿਤ ਕੀਤਾ ਹੈ। ਪਹਿਲੇ ਅਧਿਆਇ ਵਿਚ ਪਰੰਪਰਾ ਤੇ ਆਧੁਨਿਕਤਾ ਨੂੰ ਪਰਿਭਾਸ਼ਿਕ ਪਰਿਪੇਖ ਵਿਚ ਰੱਖ ਕੇ ਵਿਚਾਰਿਆ ਗਿਆ ਹੈ। ਇਸ ਵਿਚ ਪਰੰਪਰਾ ਤੇ ਆਧੁਕਿਤਾ ਦਾ ਪਰਿਚਯ ਦਿੰਦਿਆਂ ਹੋਇਆਂ ਇਹਨ੍ਹਾਂ ਦੇ ਅਸਲ ਸਰੂਪ ਨੂੰ ਪਰੰਪਰਕ ਅਤੇ ਆਧੁਨਿਕ ਸਥਿਤੀਆਂ ਅਤੇ ਜੀਵਨ ਢੰਗਾਂ ਦੀ ਜਾਣਕਾਰੀ ਰਾਹੀਂ ਉਘਾੜਿਆ ਗਿਆ ਹੈ। ਪਰੰਪਰਾ ਅਤੇ ਆਧੁਨਿਕਤਾ ਦੇ ਸੰਕਲਪਾਂ ਦੀ ਪੇਸ਼ਕਾਰੀ ਦੇ ਨਾਲ ਨਾਲ ਇਸ ਦੇ ਪ੍ਰਥਮ ਅਧਿਆਇ ਵਿਚ ਪੰਜਾਬੀ ਨਾਵਲ ਪਰੰਪਰਾ ਦੇ ਆਰੰਭ ਤੋਂ ਲੈ ਕੇ ਵਿਕਾਸ ਦੇ ਦੌਰ ਵਿਚੋਂ ਨਿੱਕਲ ਆਧੁਨਿਕ ਸਰੂਪ ਅਖ਼ਤਿਆਰ ਕਰ ਲੈਣ ਤੱਕ ਪੰਜਾਬੀ ਨਾਵਲ ਵਿਚ ਪਰੰਪਰਾ ਅਤੇ ਆਧੁਨਿਕਤਾ ਦੀ ਪੇਸ਼ਕਾਰੀ ਦਾ ਵਰਣਨ ਕੀਤਾ ਗਿਆ ਹੈ।

ਦੂਜੇ ਅਧਿਆਇ ਵਿਚ ਨਰਿੰਜਨ ਤਸਨੀਮ ਦੇ ਨਾਵਲ ਜਗਤ ਨੂੰ ਅਧਿਐਨ ਕੇਂਦਰ ਬਣਾਇਆ ਗਿਆ ਹੈ। ਇਸ ਅਧਿਆਇ ਵਿਚ ਤਸਨੀਮ ਦੀ ਨਾਵਲ ਰਚਨਾ ਦਾ ਆਧਾਰ ਬਣੇ ਉਸਦੇ ਜੀਵਨ ਅਨੁਭਵਾਂ ਨੂੰ ਵਿਸਥਾਰਿਆ ਗਿਆ ਹੈ। ਤਸਨੀਮ ਨੇ ਆਪਣੇ ਪਾਤਰਾਂ ਦੇ ਮਾਨਸਿਕ ਯਥਾਰਥ ਦੀ ਪੇਸ਼ਕਾਰੀ ਆਪਣੇ ਨਾਵਲਾਂ ਵਿਚ ਕੀਤੀ ਹੈ। ਸੋ ਤਸਨੀਮ ਦੇ ਨਾਵਲਾਂ ਦੇ ਪਾਤਰਾਂ ਦੇ ਮਨੋਭਾਵਾਂ ਬਾਰੇ ਵੀ ਇਸ ਅਧਿਆਇ ਵਿਚ ਚਰਚਾ ਕੀਤੀ ਗਈ ਹੈ। ਤਸਨੀਮ ਦੇ ਨਾਵਲਾਂ ਵਿਚ ਵਿਸ਼ਿਆਂ ਦੇ ਅਨੁਰੂਪ ਵਰਤੀਆਂ ਚਿਤਰਨ ਜੁਗਤਾਂ ਬਾਰੇ ਚਰਚਾ ਦੇ ਨਾਲ–ਨਾਲ ਪਾਤਰਾਂ ਦੀਆਂ ਸ਼ਖ਼ਸੀਅਤਾਂ ਦਾ ਖੁਲਾਸਾ ਵਿਭਿੰਨ ਪਾਤਰਾਂ ਦੇ ਸੁਭਾਆਂ ਦੀਆਂ ਵਿਸ਼ੇਸ਼ਤਾਵਾਂ ਦੇ ਵਿਸਥਾਰ ਰਾਹੀਂ ਕੀਤਾ ਗਿਆ ਹੈ।

ਤੀਜਾ ਅਧਿਆਇ ਤਸਨੀਮ ਦੇ ਨਾਵਲਾਂ ਵਿਚ ਪਰੰਪਰਾ ਤੇ ਆਧੁਨਿਕਤਾ ਦੀ ਪੇਸ਼ਕਾਰੀ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਸ਼ਹਿਰੀ ਕੀਮਤ ਪ੍ਰਬੰਧ ਦੇ ਆਧੁਨਿਕ ਢਾਂਚੇ ਅਤੇ ਉਸ ਅਨੁਰੂਪ ਢਲ ਰਹੀਆਂ ਤਸਨੀਮ ਦੇ ਨਾਵਲਾਂ ਦੇ ਸ਼ਹਿਰੀ ਪਾਤਰਾਂ ਦੀਆਂ ਗਤੀਵਿਧੀਆਂ ਅਤੇ ਉਨ੍ਹਾਂ ਤੇ ਪਰੰਪਰਕ ਸੋਚ ਵਿਧਾ ਅਨੁਸਾਰ ਲੱਗ ਰਹੇ ਅੰਕੁਸ਼ਾਂ ਨੂੰ ਪ੍ਰਗਟਾਇਆ ਗਿਆ ਹੈ। ਇਸ ਤੋਂ ਬਿਨਾਂ ਇਸ ਅਧਿਆਇ ਵਿਚ ਪਰੰਪਰਕ ਅਤੇ ਆਧੁਨਿਕ ਕੀਮਤਾਂ ਦੇ ਵਿਚਕਾਰ ਫਸੀ ਪਾਤਰਾਂ ਦੀ ਮਾਨਸਿਕਤਾ ਵਿਚ ਚਲਦੇ ਦਵੰਦ ਦੀ ਪੇਸ਼ਕਾਰੀਕੀਤੀ ਗਈ ਹੈ ਅਤੇ ਨਾਲ ਹੀ ਨਾਲ ਤਸਨੀਮ ਦੇ ਨਾਵਲਾਂ ਵਿਚ ਸਮਾਜ ਨਾਲ ਸੰਬੰਧਿਤ ਔਰਤਾਂ ਤੇ ਮਰਦਾਂ ਦੇ ਸੰਬੰਧਾਂ ਦੇ ਨਵੀਨ ਸਰੂਪਾਂ ਦੀ ਵਿਆਖਿਆ ਕੀਤੀ ਗਈ ਹੈ।

ਚੌਥੇ ਅਧਿਆਇ ਵਿਚ ਨਰਿੰਜਨ ਤਸਨੀਮ ਦੇ ਨਾਵਲਾਂ ਵਿਚ ਸ਼ਹਿਰੀ ਸਭਿਆਚਾਰ ਦੀਆਂ ਆਧੁਨਿਕ ਕੀਮਤਾਂ ਦੇ ਪ੍ਰਭਾਵ ਸਦਕਾ ਉੱਭਰਦੇ ਨਵ ਜੀਵਨ ਪੈਟਰਨ ਦੀ ਰੂਪ ਰੇਖਾ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਸ਼ਹਿਰੀ ਸਮਾਜ ਵਿਚ ਵਿਚਰ ਰਹੇ ਨਵ ਜੀਵਨ ਪੈਟਰਨ ਦੇ ਅਨੁਸਾਰੀ ਹੋਏ ਨਾਵਲਾਂ ਦੇ ਆਧੁਨਿਕ ਪਾਤਰਾਂ ਦੇ ਸਨਮੁੱਖ ਵਿਆਪਤ ਹੋਂਦ ਦੀ ਸਮੱਸਿਆ ਅਤੇ ਸ਼ਹਿਰੀ ਨਵ ਜੀਵਨ ਪ੍ਰਬੰਧ ਦੇ ਅਨੁਸਾਰੀ ਹੋਏ ਪਾਤਰਾਂ ਵਿਚ ਜ਼ੋਰ ਫੜ ਰਹੀਆਂ ਉਪਭੋਗੀ ਰੁਚੀਆਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ।

ਇਸ ਸਾਰੇ ਅਧਿਐਨ 'ਚੋਂ ਜੋ ਸਿੱਟੇ ਕੱਢੇ ਹਨ ਉਨ੍ਹਾਂ ਨੂੰ ਖੋਜ ਕਾਰਜ ਦੇ ਅਖੀਰ ਵਿਚ ਸਾਰੰਸ਼ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹ ਅਧਿਐਨ ਹੱਥ ਲਏ ਵਿਸ਼ੇ ਨੂੰ ਪ੍ਰਾਪਤ ਸਮੱਗਰੀ ਦੇ ਅਧਾਰ ਤੇ ਸੁਚੱਜੀ ਸੇਧ ਬਖਸ਼ਣ ਦਾ ਨਿਮਾਣਾ ਪਰ ਜਿਗਿਆਸਾ ਪੂਰਨ ਯਤਨ ਹੈ।

ਖੋਜ ਕਾਰਜ ਦੇ ਹਰ ਅਧਿਆਇ ਦੇ ਅੰਤ ਵਿਚ ਟਿੱਪਣੀਆਂ ਅਤੇ ਹਵਾਲੇ ਕ੍ਰਮਵਾਰ ਦਿੱਤੇ ਹਨ। ਇਹਨਾਂ ਹਵਾਲੇ ਅਤੇ ਟਿੱਪਣੀਆਂ ਰਾਹੀਂ ਵਿਚਾਰਾਂ ਨੂੰ ਪ੍ਰਮਾਣਿਕ ਸਿੱਧ ਕਰਨ ਦਾ ਉਪਰਾਲਾ ਕੀਤਾ ਹੈ। ਖੋਜ ਕਾਰਜ ਦੇ ਅਖੀਰ ਵਿਚ ਉਨ੍ਹਾਂ ਸਹਾਇਕ ਪੁਸਤਕਾਂ ਦੀ ਸੂਚੀ ਵੀ ਦਰਜ ਹੈ ਜਿਨ੍ਹਾਂ ਨੂੰ ਆਧਾਰ ਬਣਾ ਕੇ ਮੈਂ ਅਪਣਾ ਖੋਜ ਕਾਰਜ ਸੰਪੂਰਨ ਕੀਤਾ ਹੈ। ਮੈਂ ਇਸ ਖੋਜ ਕਾਰਜ

ਵਿਚ ਆਪਣੇ ਵਲੋਂ ਸ਼ਬਦ ਜੋੜਾਂ ਦੇ ਪ੍ਰਚਲਿਤ ਅਤੇ ਪ੍ਰਮਾਣਿਕ ਰੂਪਾਂ ਦੀ ਵਰਤੋਂ ਦਾ ਵੀ ਯਤਨ ਕੀਤਾ ਹੈ ਪਰ ਫਿਰ ਵੀ ਜੇ ਕਿਤੇ ਕੋਈ ਕੁਤਾਹੀ ਹੋ ਗਈ ਹੋਵੇ ਤਾਂ ਉਸਦੇ ਲਈ ਮੈਂ ਖਿਮਾ ਦੀ ਜਾਚਕ ਹਾਂ।

ਇਸ ਖੋਜ ਕਾਰਜ ਨੂੰ ਸੰਪੂਰਨ ਕਰਨ ਦੌਰਾਨ ਮੈਂ ਕਈ ਬੌਧਿਕ ਸਮਰੱਥਾ ਰੱਖਣ ਵਾਲੇ ਵਿਦਵਾਨਾਂ ਅਤੇ ਸੁਹਿਰਦ ਵਿਅਕਤੀਆਂ ਦਾ ਯੋਗਦਾਨ ਪ੍ਰਾਪਤ ਕੀਤਾ ਹੈ। ਸਹੀ ਸਮੇਂ ਤੇ ਇਨ੍ਹਾਂ ਦੁਆਰਾ ਮਿਲ ਸਕਣ ਵਾਲੇ ਮੁੱਲਵਾਨ ਸਹਿਯੋਗ ਸਦਕਾ ਹੀ ਮੇਰੇ ਲਈ ਇਸ ਖੋਜ ਕਾਰਜ ਦਾ ਕੰਮ ਨੇਪਰੇ ਚਾੜਨਾ ਸੰਭਵ ਹੋ ਸਕਿਆ ਹੈ।

ਮੈਂ ਆਪਣੇ ਪਥ ਪ੍ਰਦਰਸ਼ਕ ਸਤਿਕਾਰਯੋਗ ਅਧਿਆਪਕ ਅਤੇ ਨਿਗਰਾਨ ਡਾ. ਦੀਪਕ ਮਨਮੋਹਨ ਸਿੰਘ ਜੀ ਦੀ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਬਹੁਮੁੱਲਾ ਸਮਾਂ ਮੇਰੇ ਲਈ ਕੱਢਿਆ ਅਤੇ ਮੇਰੇ ਖੋਜ ਕਾਰਜ ਨੂੰ ਨੀਝ ਨਾਲ ਪੜ੍ਹਿਆ। ਉਨ੍ਹਾਂ ਇਸ ਖੋਜ ਕਾਰਜ ਵਿਚਲੀਆਂ ਤਰੁੱਟੀਆਂ ਤੋਂ ਮੈਨੂੰ ਜਾਣੂ ਕਰਵਾ ਕੇ ਇਨ੍ਹਾਂ ਨੂੰ ਦੂਰ ਕਰਵਾਇਆ। ਉਨ੍ਹਾਂ ਦੇ ਕੀਮਤੀ ਸੁਝਾਵਾਂ ਸਦਕਾ ਮੇਰੇ ਖੋਜ ਕਾਰਜ ਨੂੰ ਸੁਚੱਜੀ ਸੇਧ ਪ੍ਰਾਪਤ ਹੋਈ। ਇਨ੍ਹਾਂ ਦੀ ਰਹਿਨੁਮਾਈ ਤੋਂ ਬਗੈਰ ਮੇਰੇ ਲਈ ਇਸ ਖੋਜ ਕਾਰਜ ਨੂੰ ਨੇਪਰੇ ਚਾੜ੍ਹਣਾ ਸ਼ਾਇਦ ਸੰਭਵ ਨਾ ਹੋ ਸਕਦਾ।

ਮੈਂ ਧੰਨਵਾਦੀ ਹਾਂ ਪੰਜਾਬੀ ਦੇ ਉੱਘੇ ਲੇਖਕ ਸ੍ਰੀ ਕੇ. ਐਲ. ਗਰਗ ਸਾਹਿਬ ਦੀ ਜਿਨ੍ਹਾਂ ਨੇ ਸਮੇਂ ਸਮੇਂ ਤੇ ਮੇਰੀਆਂ ਖੋਜ ਕਾਰਜ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਆਪਣੇ ਸੁਯੋਗ ਸੁਝਾਵਾਂ ਸਦਕਾ ਹੱਲ ਕੀਤਾ। ਇਨ੍ਹਾਂ ਦੀ ਵਿਦਵਤਾ ਅਤੇ ਸੁਚੱਜੀ ਸੋਚ ਮੇਰੇ ਲਈ ਵਰਦਾਨ ਸਾਬਿਤ ਹੋਈ।

ਮੈਂ ਪੰਜਾਬੀ ਉਪਨਿਆਸਕਾਰ ਅਤੇ ਆਲੋਚਕ ਪ੍ਰੋ. ਨਰਿੰਜਨ ਤਸਨੀਮ ਦੀ ਤਹਿ ਦਿਲੋਂ ਸ਼ੁਕਰਗੁਜਾਰ ਹਾਂ ਜਿਨ੍ਹਾਂ ਨੇ ਲੋੜ ਪੈਣ ਤੇ ਮੈਨੂੰ ਆਪਣੀਆਂ ਪੁਸਤਕਾਂ ਅਤੇ ਕੀਮਤੀ ਸਲਾਹਾਂ ਸਦਕਾ ਆਪਣੀ ਮੁੱਲਵਾਨ ਮਦਦ ਦਿੱਤੀ।

ਇਸ ਖੋਜ ਪ੍ਰਬੰਧ ਦੀ ਸੰਪੂਰਨਤਾ ਲਈ ਮੈਂ ਉਹਨਾਂ ਵਿਦਵਾਨਾ ਦੀ ਵੀ ਤਹਿ ਦਿਲੋਂ ਅਭਾਰੀ ਹਾਂ ਜਿਨ੍ਹਾਂ ਦੀਆਂ ਪੁਸਤਕਾਂ ਅਤੇ ਰਚਨਾਵਾਂ ਮੇਰੇ ਇਸ ਖੋਜ ਕਾਰਜ ਵਿਚ ਮਾਰਗ ਦਰਸ਼ਕ ਸਿੱਧ ਹੋਈਆਂ।

ਇਥੇ, ਮੈਂ ਆਪਣੇ ਸਤਿਕਾਰਯੋਗ ਮਾਤਾ ਪਿਤਾ ਦਾ ਆਭਾਰ ਪ੍ਰਗਟ ਕਰਨਾ ਲਾਜ਼ਮੀ ਮਹਿਸੂਸ ਕਰਦੀ ਹਾਂ ਜਿਨ੍ਹਾਂ ਨੇ ਇਸ ਖੋਜ ਕਾਰਜ ਦੌਰਾਨ ਮੈਨੂੰ ਘਰੇਲੂ ਜ਼ਿੰਮੇਵਾਰੀਆਂ ਤੋਂ ਦੂਰ ਰਖਿਆ ਅਤੇ ਲੋੜੀਂਦਾ ਸਮਾਂ ਅਤੇ ਸਹਿਯੋਗ ਦੇ ਇਸ ਖੋਜ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਹਾਇਕ ਸਾਬਤ ਹੋਏ। ਮੈਂ ਆਪਣੀ ਭੈਣ ਅਤੇ ਆਪਣੇ ਵੀਰ ਦੀ ਧੰਨਵਾਦੀ ਹਾਂ ਜਿਹਨਾਂ ਨੇ ਮੈਨੂੰ ਹਮੇਸ਼ਾਂ ਇਸ ਖੋਜ ਕਾਰਜ ਲਈ ਉਤਸ਼ਾਹਿਤ ਕੀਤਾ।

ਮੈਂ ਧੰਨਵਾਦੀ ਹਾਂ ਆਪਣੇ ਮਾਮੀ ਜੀ ਡਾ. ਰਜਿੰਦਰਜੀਤ ਹੰਸ ਗਿੱਲ ਦੀ ਜਿਨ੍ਹਾਂ ਨੇ ਇਹ ਖੋਜ ਕਾਰਜ ਸਮੇਂ ਸਿਰ ਪੂਰਾ ਕਰਨ ਲਈ ਬਹੁਮੁੱਲਾ ਸਹਿਯੋਗ ਦਿੱਤਾ।

ਮੈਂ ਟਾਈਪਿਸਟ ਸ੍ਰ. ਜਗਤਾਰ ਸਿੰਘ ਦਾ ਧੰਨਵਾਦ ਕਰਨਾ ਵੀ ਉਚਿਤ ਮੰਨਦੀ ਹਾਂ ਜਿਨ੍ਹਾਂ ਨੇ ਬੜੀ ਮਿਹਨਤ ਤੇ ਲਗਨ ਨਾਲ ਇਸ ਖੋਜ ਕਾਰਜ ਨੂੰ ਟਾਈਪ ਕੀਤਾ।

25/7/2005

(ਗੁਰਿੰਦਰਜੀਤ ਕੌਰ)